# ਤੁਹਾਡੇ ਬੱਚੇ ਦਾ ਟਰੱਸਟ ਫੰਡ

## ਆਮ ਪੁੱਛੇ ਜਾਂਦੇ ਸਵਾਲ

Public Guardian
and Trustee of
British Columbia

# ਤੁਹਾਡੇ ਬੱਚੇ ਦਾ ਟਰੱਸਟ ਫੰਡ
## ਆਮ ਪੁੱਛੇ ਜਾਂਦੇ ਸਵਾਲ

ਵਿਸ਼ਾ-ਵਸਤੂ


| | |
|---|---|
| ਏ. ਜਾਣ-ਪਛਾਣ | 3 |
| ਬੀ. ਟਰੱਸਟ ਤੋਂ ਫੰਡਾਂ ਲਈ ਬੇਨਤੀ ਕਰਨਾ | 3 |
| ਸੀ. ਫੰਡ ਇਨਵੈਸਟ ਕਰਨਾ | 4 |
| ਡੀ. ਟੈਕਸ ਬਾਰੇ ਜਾਣਕਾਰੀ | 5 |
| ਈ. ਟਰੱਸਟ ਦੀ ਅੰਤਿਮ ਵੰਡ ਲਈ ਪਲੈਨ ਕਰਨਾ | 5 |
| ਐੱਫ. ਪੀ ਜੀ ਟੀ ਦੀਆਂ ਫੀਸਾਂ | 6 |
| ਜੀ. ਫੈਸਲਿਆਂ ਦੀ ਪੜਚੋਲ ਅਤੇ ਸ਼ਿਕਾਇਤਾਂ | 7 |
| ਪਬਲਿਕ ਗਾਰਡੀਅਨ ਐਂਡ ਟਰੱਸਟੀ ਨਾਲ ਸੰਪਰਕ ਕਰੋ | ਪਿਛਲਾ ਕਵਰ |

# ਏ. ਜਾਣ-ਪਛਾਣ

ਪਬਲਿਕ ਗਾਰਡੀਅਨ ਐਂਡ ਟਰੱਸਟੀ (ਪੀ ਜੀ ਟੀ) ਵਿਖੇ ਤੁਹਾਡਾ ਸੁਆਗਤ ਹੈ। ਇਹ ਗਾਈਡ ਉਨ੍ਹਾਂ ਮੁੱਖ ਸਵਾਲਾਂ ਦੇ ਜਵਾਬ ਦੇਣ ਲਈ ਤਿਆਰ ਕੀਤੀ ਗਈ ਹੈ ਜਿਹੜੇ ਮਾਪਿਆਂ, ਗਾਰਡੀਅਨਾਂ ਅਤੇ ਜਵਾਨਾਂ ਵਲੋਂ ਸਾਨੂੰ ਆਮ ਪੁੱਛੇ ਜਾਂਦੇ ਹਨ।

ਜੇ ਤੁਹਾਨੂੰ ਹੋਰ ਜਾਣਕਾਰੀ ਦੀ ਲੋੜ ਹੋਵੇ ਤਾਂ ਕਿਰਪਾ ਕਰਕੇ ਚਾਇਲਡ ਐਂਡ ਯੂਥ ਸਰਵਿਸਿਜ਼ ਨਾਲ 604.775.3480 'ਤੇ ਜਾਂ cys@trustee.bc.ca 'ਤੇ ਸੰਪਰਕ ਕਰੋ ਜਾਂ www.trustee.bc.ca 'ਤੇ ਸਾਡਾ ਵੈੱਬਸਾਈਟ ਦੇਖੋ।

## ਬੱਚਿਆਂ ਦੇ ਫੰਡਾਂ ਦੇ ਟਰੱਸਟੀ ਵਜੋਂ ਪੀ ਜੀ ਟੀ ਕਿਉਂ ਕੰਮ ਕਰਦਾ ਹੈ?

ਬ੍ਰਿਟਿਸ਼ ਕੋਲੰਬੀਆ ਵਿਚ ਕਈ ਕਾਨੂੰਨ ਹਨ ਜਿਹੜੇ ਬੱਚਿਆਂ ਅਤੇ ਜਵਾਨਾਂ (ਯੂਥ) ਦੇ ਮਾਇਕ ਅਤੇ ਕਾਨੂੰਨੀ ਹਿੱਤਾਂ ਦੀ ਰੱਖਿਆ ਕਰਦੇ ਹਨ। ਇਨ੍ਹਾਂ ਕਾਨੂੰਨਾਂ ਅਧੀਨ, ਬੱਚਿਆਂ ਅਤੇ ਜਵਾਨਾਂ ਨੂੰ ਦੇਣਯੋਗ ਕੁਝ ਫੰਡਾਂ ਲਈ ਪੀ ਜੀ ਟੀ ਤੋਂ ਟਰੱਸਟੀ ਵਜੋਂ ਕੰਮ ਕਰਨ ਦੀ ਮੰਗ ਕੀਤੀ ਜਾਂਦੀ ਹੈ।

*ਫੈਮਿਲੀ ਲਾਅ ਐਕਟ* ਵਿਚਲੀਆਂ ਸ਼ਰਤਾਂ ਕਿਸੇ ਬੱਚੇ ਜਾਂ ਜਵਾਨ ਨੂੰ ਦੇਣਯੋਗ ਡਾਲਰਾਂ ਦੀ ਕਿਸੇ ਖਾਸ ਰਕਮ ਤੋਂ ਘੱਟ ਡਾਲਰ ਟਰੱਸਟੀ ਵਜੋਂ ਪ੍ਰਬੰਧ ਕਰਨ ਲਈ ਮਾਪਿਆਂ ਅਤੇ ਗਾਰਡੀਅਨਾਂ ਨੂੰ ਸਿੱਧੇ ਦਿੱਤੇ ਜਾ ਸਕਦੇ ਹਨ। ਉਨ੍ਹਾਂ ਹਾਲਤਾਂ ਵਿਚ, ਮਾਪੇ ਜਾਂ ਗਾਰਡੀਅਨ ਤੋਂ ਕੋਰਟ ਜਾਣ ਅਤੇ ਟਰੱਸਟੀ ਵਜੋਂ ਕੰਮ ਕਰਨ ਲਈ ਆਰਡਰ ਲੈਣ ਦੀ ਮੰਗ ਨਹੀਂ ਕੀਤੀ ਜਾਂਦੀ।

ਪਰ, ਜਦੋਂ ਫੰਡ ਪੀ ਜੀ ਟੀ ਨੂੰ ਦਿੱਤੇ ਜਾਂਦੇ ਹਨ ਤਾਂ ਪੀ ਜੀ ਟੀ ਬੱਚੇ ਜਾਂ ਜਵਾਨ ਲਈ ਟਰੱਸਟ ਅਕਾਊਂਟ ਬਣਾਏਗਾ।

ਜੇ ਤੁਹਾਡੇ ਮਨ ਵਿਚ ਇਸ ਗੱਲ ਬਾਰੇ ਕੋਈ ਸਵਾਲ ਹੋਣ ਕਿ ਫੰਡਾਂ ਦਾ ਪ੍ਰਬੰਧ ਕਿਵੇਂ ਚਲਾਇਆ ਜਾਂਦਾ ਹੈ ਜਾਂ ਜੇ ਤੁਸੀਂ ਨੇਮ ਨਾਲ ਫਾਇਨੈਂਸ਼ਲ ਸਟੇਟਮੈਂਟ ਪ੍ਰਾਪਤ ਕਰਨਾ ਚਾਹੁੰਦੇ ਹੋਵੋ ਤਾਂ ਕਿਰਪਾ ਕਰਕੇ ਚਾਇਲਡ ਐਂਡ ਯੂਥ ਸਰਵਿਸਿਜ਼ ਨਾਲ 604.775.3480 'ਤੇ ਜਾਂ cys@trustee.bc.ca 'ਤੇ ਸੰਪਰਕ ਕਰੋ।

# ਬੀ. ਟਰੱਸਟ ਤੋਂ ਫੰਡਾਂ ਲਈ ਬੇਨਤੀ ਕਰਨਾ

ਪੀ ਜੀ ਟੀ ਨੂੰ ਸੇਧ *ਫੈਮਿਲੀ ਲਾਅ ਐਕਟ* ਤੋਂ ਮਿਲਦੀ ਹੈ ਜੋ ਕਹਿੰਦਾ ਹੈ ਕਿ ਆਪਣੇ ਬੱਚੇ ਦੀ ਮਦਦ ਕਰਨ ਦੀ ਹਰ ਮਾਪੇ ਅਤੇ ਗਾਰਡੀਅਨ ਦੀ ਡਿਊਟੀ ਹੈ।

ਤੁਹਾਡੇ ਬੱਚੇ ਨੂੰ ਸੇਵਾਵਾਂ ਪ੍ਰਦਾਨ ਕਰਨ ਲਈ, ਗਾਰਡੀਅਨਸ਼ਿਪ ਐਂਡ ਟਰੱਸਟ ਔਫੀਸਰ (ਜੀ ਟੀ ਓ) ਤੁਹਾਡੇ ਬੱਚੇ ਬਾਰੇ ਕਈ ਤਰ੍ਹਾਂ ਦੇ ਸਵਾਲ ਪੁੱਛ ਸਕਦਾ ਹੈ ਜਿਵੇਂ ਕਿ ਤੁਹਾਡੇ ਬੱਚੇ ਦੀ ਮਾਇਕ ਮਦਦ ਕੌਣ ਕਰ ਰਿਹਾ ਹੈ, ਲੀਗਲ ਗਾਰਡੀਅਨ ਕੌਣ ਹਨ, ਅਤੇ ਤੁਹਾਡਾ ਬੱਚਾ ਕਿਸ ਨਾਲ ਰਹਿੰਦਾ ਹੈ।

## ਮੈਨੂੰ ਇਹ ਕਿਵੇਂ ਪਤਾ ਲੱਗੇਗਾ ਕਿ ਪੀ ਜੀ ਟੀ ਨੂੰ ਮੇਰੇ ਬੱਚੇ ਲਈ ਪੈਸੇ ਮਿਲ ਗਏ ਹਨ?

ਕਿਸੇ ਬੱਚੇ ਜਾਂ ਜਵਾਨ ਲਈ ਟਰੱਸਟ ਫੰਡ ਲੈਣ ਤੋਂ ਬਾਅਦ, ਜੀ ਟੀ ਓ ਬੱਚੇ ਜਾਂ ਜਵਾਨ ਦੇ ਮਾਪੇ ਜਾਂ ਗਾਰਡੀਅਨ ਨੂੰ ਇਕ ਚਿੱਠੀ ਭੇਜਦਾ ਹੈ ਜਿਸ ਵਿਚ ਰਕਮ ਦੱਸੀ ਗਈ ਹੁੰਦੀ ਹੈ ਅਤੇ ਇਹ ਪਛਾਣ ਕੀਤੀ ਗਈ ਹੁੰਦੀ ਹੈ ਕਿ ਫੰਡਾਂ ਦੀ ਵਰਤੋਂ ਕਿਵੇਂ ਬੱਚੇ ਜਾਂ ਜਵਾਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਕੀਤੀ ਜਾ ਸਕਦੀ ਹੈ।

## ਕੀ ਪੀ ਜੀ ਟੀ ਮੇਰੇ ਬੱਚੇ ਦੇ ਟਰੱਸਟ ਫੰਡ ਵਿੱਚੋਂ ਪੈਸੇ ਜਾਰੀ ਕਰੇਗਾ?

ਪੀ ਜੀ ਟੀ ਲਈ ਇਹ ਪੱਕਾ ਕਰਨਾ ਜ਼ਰੂਰੀ ਹੈ ਕਿ ਜਾਰੀ ਕੀਤੇ ਗਏ ਕੋਈ ਵੀ ਫੰਡ ਉਸ ਮੰਤਵ (ਮੰਤਵਾਂ) ਲਈ ਵਰਤੇ ਗਏ ਹਨ ਜਿਨ੍ਹਾਂ ਲਈ ਵਰਤਣ ਦਾ ਮੰਤਵ ਸੀ ਅਤੇ ਇਹ ਸਿਰਫ ਬੱਚੇ ਜਾਂ ਜਵਾਨ ਦੇ ਫਾਇਦੇ ਲਈ ਹੀ ਵਰਤੇ ਗਏ ਹਨ।

ਬੱਚੇ ਜਾਂ ਜਵਾਨ ਦੇ 19 ਸਾਲ ਦੀ ਉਮਰ ਦਾ ਹੋ ਜਾਣ ਤੋਂ ਪਹਿਲਾਂ ਜੀ ਟੀ ਓ ਸਾਰੇ ਪੈਸੇ ਜਾਂ ਪੈਸਿਆਂ ਦਾ ਕੁਝ ਹਿੱਸਾ ਜਾਰੀ ਕਰ ਸਕਦਾ ਹੈ। ਫੰਡਾਂ ਲਈ ਬੇਨਤੀ ਕੀਤੇ ਜਾਣ 'ਤੇ ਜੀ ਟੀ ਓ ਬੱਚੇ ਜਾਂ ਜਵਾਨ ਤੋਂ ਵੀ ਸਿੱਧੀ ਜਾਣਕਾਰੀ ਮੰਗ ਸਕਦਾ ਹੈ, ਜਿੱਥੇ ਅਜਿਹਾ ਕਰਨਾ ਢੁਕਵਾਂ ਹੁੰਦਾ ਹੈ।

ਬੱਚਿਆਂ ਅਤੇ ਜਵਾਨਾਂ ਨੂੰ ਇਸ ਚੀਜ਼ ਦਾ ਗਿਆਨ ਅਤੇ ਸ਼ਮੂਲੀਅਤ ਕਿ ਉਨ੍ਹਾਂ ਦੇ ਟਰੱਸਟ ਕਿਵੇਂ ਚਲਾਏ ਜਾ ਰਹੇ ਹਨ, ਉਨ੍ਹਾਂ ਵਿਚ ਵਿੱਤੀ ਗਿਆਨ ਦੇ ਹੁਨਰ ਵਿਕਸਤ ਕਰਦੇ ਹਨ ਅਤੇ 19 ਸਾਲ ਦੀ ਉਮਰ 'ਤੇ ਆਪਣੇ ਫੰਡਾਂ ਦੀ ਵਰਤੋਂ ਲਈ ਉਹ ਲੰਮੇ ਸਮੇਂ ਦੇ ਟੀਚੇ ਮਿੱਥ ਸਕਦੇ ਹਨ। ਫਾਇਨੈਂਸ਼ਲ ਲਿਟਰੇਸੀ (ਵਿੱਤੀ ਗਿਆਨ) ਬਾਰੇ ਜਾਣਕਾਰੀ www.trustee.bc.ca 'ਤੇ ਸਾਡੇ ਵੈੱਬਸਾਈਟ 'ਤੇ ਦੇਖੀ ਜਾ ਸਕਦੀ ਹੈ।

ਕਿਸੇ ਬੱਚੇ ਜਾਂ ਜਵਾਨ ਨੂੰ ਟਰੱਸਟ ਫੰਡ ਜਾਰੀ ਕਰਨ ਦੀ ਕਿਸੇ ਬੇਨਤੀ ਬਾਰੇ ਜੀ ਟੀ ਓ ਧਿਆਨ ਨਾਲ ਵਿਚਾਰ ਕਰਦੇ ਹਨ। ਉਹ ਟਰੱਸਟ ਵਿਚਲੀ ਰਕਮ ਨੂੰ ਧਿਆਨ ਵਿਚ ਰੱਖਦੇ ਹਨ ਅਤੇ ਬੱਚੇ ਜਾਂ ਜਵਾਨ ਦੀਆ ਮੌਜੂਦਾ ਲੋੜਾਂ ਦਾ ਬਾਲਗ ਬਣਨ 'ਤੇ ਸੰਭਾਵੀ ਲੋੜਾਂ ਨਾਲ ਸੰਤੁਲਨ ਰੱਖਣ ਬਾਰੇ ਵਿਚਾਰ ਕਰਦੇ ਹਨ।

## ਆਪਣੇ ਬੱਚੇ ਦੀ ਮਾਇਕ ਮਦਦ ਕਰਨ ਲਈ ਮੈਨੂੰ ਸਹਾਇਤਾ ਦੀ ਲੋੜ ਹੈ, ਕੀ ਮੈਂ ਟਰੱਸਟ ਫੰਡ ਤੋਂ ਮਦਦ ਮੰਗ ਸਕਦਾ/ ਸਕਦੀ ਹਾਂ?

ਬੱਚਿਆਂ ਅਤੇ ਜਵਾਨਾਂ ਤੋਂ ਆਮ ਤੌਰ 'ਤੇ ਆਪਣੇ ਰੋਜ਼ਾਨਾ ਰਹਿਣੀ ਦੇ ਖਰਚੇ ਦੇਣ ਦੀ ਉਮੀਦ ਨਹੀਂ ਕੀਤੀ ਜਾਂਦੀ; ਪਰ, ਪੀ ਜੀ ਟੀ ਨੂੰ ਬੱਚਿਆਂ ਜਾਂ ਜਵਾਨਾਂ ਦੀ ਤਰਫੋਂ ਅਜਿਹੇ ਫੰਡ ਮਿਲ ਸਕਦੇ ਹਨ ਜਿਹੜੇ ਉਨ੍ਹਾਂ ਦੀ ਸੰਭਾਲ ਅਤੇ ਮਦਦ ਦੇ ਖਰਚਿਆਂ ਵਿਚ ਮਦਦ ਲਈ ਵਰਤੇ ਜਾ ਸਕਦੇ ਹਨ – ਉਦਾਹਰਣ ਲਈ, ਮ੍ਰਿਤਕ ਮਾਪੇ ਜਾਂ ਗਾਰਡੀਅਨ ਦੀ ਇਸਟੇਟ ਤੋਂ ਮਿਲੇ ਫੰਡ।

ਨਿਰਬਾਹ ਲਈ ਫੰਡਾਂ ਦੀ ਬੇਨਤੀ ਕਰਨ 'ਤੇ, ਜੀ ਟੀ ਓ ਬੇਨਤੀ 'ਤੇ ਵਿਚਾਰ ਕਰਨ ਲਈ ਲੋੜੀਂਦੀ ਜਾਣਕਾਰੀ ਬਾਰੇ ਵਿਚਾਰ ਕਰੇਗਾ ਅਤੇ ਇਹ ਦੱਸੇਗਾ ਕਿ ਤੁਸੀਂ ਆਪਣੀ ਬੇਨਤੀ ਲਿਖਤੀ ਰੂਪ ਵਿਚ ਕਰੋ ਅਤੇ ਅੱਗੇ ਲਿਖੀ ਜਾਣਕਾਰੀ ਸ਼ਾਮਲ ਕਰੋ:

- ਬੱਚੇ ਜਾਂ ਜਵਾਨ ਦੀਆਂ ਕੀ ਲੋੜਾਂ ਹਨ ਅਤੇ ਮਾਪਾ ਜਾਂ ਗਾਰਡੀਅਨ ਮਾਇਕ ਤੌਰ 'ਤੇ ਪੂਰੀ ਤਰ੍ਹਾਂ ਜਾਂ ਅੱਧ-ਪਚੱਧੇ ਰੂਪ ਵਿਚ ਉਹ ਲੋੜਾਂ ਪੂਰੀਆਂ ਕਰਨ ਦੇ ਅਯੋਗ ਕਿਉਂ ਹੈ?
- ਫੰਡਾਂ ਦੇ ਕਿਹੜੇ ਹੋਰ ਵਸੀਲੇ ਉਪਲਬਧ ਹਨ? (ਜਿਵੇਂ ਕੈਨੇਡਾ ਪੈਨਸ਼ਨ ਪਲੈਨ ਚਿਲਡਰਨ'ਜ਼ ਬੈਨੇਫਿਟਸ, ਚਾਇਲਡ ਡਿਸਏਬਿਲਟੀ ਬੈਨੇਫਿਟਸ)
- ਟਰੱਸਟ ਫੰਡਾਂ ਦੀ ਵਰਤੋਂ ਲਈ ਭਵਿੱਖ ਦੀਆਂ ਕੀ ਪਲੈਨਾਂ ਹਨ? (ਜਿਵੇਂ ਪੋਸਟ ਸੈਕੰਡਰੀ ਪੜ੍ਹਾਈ ਦੇ ਖਰਚੇ)

## ਮੇਰੇ ਬੱਚੇ ਦੇ ਵਾਧੂ ਖਰਚਿਆਂ ਜਾਂ ਖਾਸ ਪ੍ਰੋਗਰਾਮਾਂ ਦੇ ਖਰਚਿਆਂ ਲਈ ਮਾਇਕ ਮਦਦ ਬਾਰੇ ਕੀ ਕਹਿਣਾ ਹੈ?

ਟਰੱਸਟ ਫੰਡਾਂ ਨਾਲ, ਖਾਸ ਮੌਕਿਆਂ ਲਈ ਫੰਡ ਦੇਣ ਲਈ ਬੇਨਤੀਆਂ ਕੀਤੀਆਂ ਜਾ ਸਕਦੀਆਂ ਹਨ। ਅਜਿਹੇ ਖਾਸ ਮੌਕਿਆਂ ਵਿਚ, ਮੈਡੀਕਲ ਜਾਂ ਪੜ੍ਹਾਈ ਲਈ ਚੀਜ਼ਾਂ, ਸੇਵਾਵਾਂ ਜਾਂ ਮੌਕੇ ਸ਼ਾਮਲ ਹਨ, ਜਿਹੜੇ ਬੱਚੇ ਜਾਂ ਜਵਾਨ ਨੂੰ ਸਿੱਧਾ ਫਾਇਦਾ ਪਹੁੰਚਾਉਂਦੇ ਹਨ, ਜਿਹੜੇ ਟਰੱਸਟ ਫੰਡਾਂ ਦੇ ਉਪਲਬਧ ਹੋਣ ਤੋਂ ਬਿਨਾਂ ਨਹੀਂ ਦਿੱਤੇ ਜਾ ਸਕਣੇ ਸਨ। ਫੰਡਾਂ ਦੀ ਬੇਨਤੀ ਕਰਨ 'ਤੇ ਜੀ ਟੀ ਓ ਮਾਪੇ ਜਾਂ ਗਾਰਡੀਅਨ ਨਾਲ ਬੇਨਤੀ ਬਾਰੇ ਵਿਚਾਰ ਕਰੇਗਾ ਅਤੇ ਲਿਖਤੀ ਜਾਣਕਾਰੀ ਮੰਗੇਗਾ ਜਿਸ ਵਿਚ ਇਹ ਸ਼ਾਮਲ ਹੈ:

- ਬੱਚੇ ਜਾਂ ਜਵਾਨ ਨੂੰ ਖਾਸ ਮੌਕਾ ਅਤੇ ਫਾਇਦਾ ਕੀ ਹੈ?
- ਖਰਚੇ ਦੀ ਅੰਦਾਜ਼ਨ ਲਾਗਤ ਕਿੰਨੀ ਹੈ?
- ਕੀ ਬੇਨਤੀ ਲਈ ਫੰਡਾਂ ਦੇ ਕੋਈ ਹੋਰ ਵਸੀਲੇ ਹਨ?
- ਕੀ ਭਵਿੱਖ ਦੇ ਕੋਈ ਖਰਚੇ ਹਨ ਜਿਹੜੇ ਬੱਚੇ ਨੂੰ ਟਰੱਸਟ ਵਿੱਚੋਂ ਦੇਣ ਦੀ ਲੋੜ ਪੈ ਸਕਦੀ ਹੈ? (ਜਿਵੇਂ ਪੋਸਟ ਸੈਕੰਡਰੀ ਪੜ੍ਹਾਈ ਦੇ ਖਰਚੇ)

# ਸੀ. ਫੰਡ ਇਨਵੈਸਟ ਕਰਨਾ

## ਟਰੱਸਟੀ ਵਜੋਂ ਪੀ ਜੀ ਟੀ ਇਨਵੈਸਟਮੈਂਟ ਦੇ ਕਿਸ ਕਿਸਮ ਦੇ ਫੈਸਲੇ ਕਰਦਾ ਹੈ?

ਪੀ ਜੀ ਟੀ ਉਨ੍ਹਾਂ ਫੰਡਾਂ ਦੇ ਪ੍ਰਬੰਧ ਲਈ ਜ਼ਿੰਮੇਵਾਰੀ ਚੁੱਕਦਾ ਹੈ ਜਿਹੜੇ ਪੀ ਜੀ ਟੀ ਨੂੰ ਦਿੱਤੇ ਜਾਂਦੇ ਹਨ। ਟਰੱਸਟੀ ਵਜੋਂ, ਪੀ ਜੀ ਟੀ ਲਈ ਫੰਡ ਧਿਆਨ, ਹੁਨਰ, ਮਿਹਨਤ ਅਤੇ ਸੂਝ ਨਾਲ ਇਨਵੈਸਟ ਕਰਨਾ ਜ਼ਰੂਰੀ ਹੈ ਜਿਸ ਤਰ੍ਹਾਂ ਇਨਵੈਸਟਮੈਂਟ ਦੇ ਫੈਸਲੇ ਕਰਨ ਵੇਲੇ ਕੋਈ ਚੌਕਸ ਇਨਵੈਸਟਰ ਕਰੇਗਾ।

ਫੰਡਾਂ ਦੀਆਂ ਇਨਵੈਸਟਮੈਂਟਾਂ ਦੇ ਟੀਚਿਆਂ ਦਾ ਫੈਸਲਾ ਕਰਨ ਵੇਲੇ ਜਿਹੜੇ ਕੁਝ ਪੱਖ ਧਿਆਨ ਵਿਚ ਰੱਖੇ ਜਾਂਦੇ ਹਨ, ਉਨ੍ਹਾਂ ਵਿਚ ਸ਼ਾਮਲ ਹਨ ਬੱਚੇ ਜਾਂ ਜਵਾਨ ਦੀ ਉਮਰ, ਟਰੱਸਟ ਵਿਚ ਰੱਖੇ ਫੰਡਾਂ ਦੀ ਰਕਮ ਅਤੇ ਇਸ ਗੱਲ ਦੀ ਸੰਭਾਵਨਾ ਕਿ ਕੀ ਟਰੱਸਟ ਵਿੱਚੋਂ ਪੈਸੇ 19 ਸਾਲ ਦੀ ਉਮਰ ਤੋਂ ਪਹਿਲਾਂ ਲੈਣ ਦੀ ਲੋੜ ਪਵੇਗੀ। ਬੱਚਿਆਂ ਅਤੇ ਜਵਾਨਾਂ ਦੇ ਟਰੱਸਟ ਫੰਡ ਪ੍ਰੋਫੈਸ਼ਨਲ ਤਰੀਕੇ ਨਾਲ ਪੀ ਜੀ ਟੀ ਦੇ ਪੂਲ ਵਾਲੇ ਇਨਵੈਸਟਮੈਂਟ ਦੇ ਅੱਗੇ ਲਿਖੇ ਇਕ ਜਾਂ ਜ਼ਿਆਦਾ ਫੰਡਾਂ ਵਿਚ ਇਨਵੈਸਟ ਕੀਤੇ ਜਾਂਦੇ ਹਨ:

### *ਪੀ ਜੀ ਟੀ ਪ੍ਰੀਮੀਅਮ ਮਨੀ ਮਾਰਕੀਟ ਫੰਡ*

ਇਸ ਫੰਡ ਦਾ ਮਕਸਦ ਖਤਰਾ ਨਾ ਲੈਣ ਦੇ ਇੱਛਕ ਕਲਾਇੰਟਾਂ ਲਈ ਮੂਲਧਨ (ਕੈਪੀਟਲ) ਸਹੀ ਸਲਾਮਤ ਰੱਖਣਾ ਹੈ ਅਤੇ ਥੋੜ੍ਹੇ ਸਮੇਂ ਦੀਆਂ ਇਨਵੈਸਟਮੈਂਟਾਂ ਲਈ ਨਗਦੀ ਅਤੇ ਰੀਟਰਨ ਦਾ ਵਧੀਆ ਰੇਟ ਪ੍ਰਦਾਨ ਕਰਨਾ ਹੈ। ਪੋਰਟਫੋਲੀਓ 'ਤੇ ਰੀਟਰਨ ਦੇ ਰੇਟ ਦਾ ਹਿਸਾਬ ਮਹੀਨਾਵਾਰ ਲਾਇਆ ਜਾਂਦਾ ਹੈ ਅਤੇ ਹਰ ਬੱਚੇ ਜਾਂ ਜਵਾਨ ਦੇ ਟਰੱਸਟ ਅਕਾਊਂਟ ਵਿਚ ਵਿਆਜ ਜਮ੍ਹਾਂ ਕੀਤਾ ਜਾਂਦਾ ਹੈ।

### *ਪੀ ਜੀ ਟੀ ਬੈਲੇਂਸਡ ਗਰੋਥ ਫੰਡ*

ਇਹ ਫੰਡ ਲੌਂਗ ਟਰਮ ਕੈਪੀਟਲ ਵਾਧੇ ਲਈ ਹੈ ਅਤੇ ਇਸ ਦੀ ਵਰਤੋਂ ਜ਼ਿਆਦਾ ਆਮ ਉਸ ਬੱਚੇ ਜਾਂ ਜਵਾਨ ਲਈ ਕੀਤੀ ਜਾਂਦੀ ਹੈ ਜਿਸ ਲਈ ਇਨਵੈਸਟਮੈਂਟ

ਦਾ ਲੰਮਾ ਸਮਾਂ ਹੈ ਜਿਵੇਂ ਕਿ ਛੋਟੇ ਬੱਚਿਆਂ ਲਈ। ਪੋਰਟਫੋਲੀਓ ’ਤੇ ਆਮਦਨ ਦਾ ਹਿਸਾਬ ਸਾਲ ਬਾਅਦ ਲਾਇਆ ਜਾਂਦਾ ਹੈ ਅਤੇ ਇਹ ਆਮਦਨ ਨਵੇਂ ਫੰਡ ਯੂਨਿਟਾਂ ਦੇ ਰੂਪ ਵਿਚ ਬੱਚੇ ਜਾਂ ਜਵਾਨ ਦੇ ਅਕਾਊਂਟ ਵਿਚ ਜਮ੍ਹਾਂ ਕਰਾਈ ਜਾਂਦੀ ਹੈ।

ਜੇ ਕਿਸੇ ਬੱਚੇ ਜਾਂ ਜਵਾਨ ਦੇ ਟਰੱਸਟ ਵਿਚ 500,000 ਡਾਲਰ ਨਾਲੋਂ ਜ਼ਿਆਦਾ ਹੋਣ ਤਾਂ ਉਹ ਫੰਡ ਇਨਵੈਸਟਮੈਂਟ ਦੇ ਹੋਰ ਬਦਲਾਂ ਦੀ ਵਰਤੋਂ ਕਰਦੇ ਹੋਏ ਇਨਵੈਸਟ ਕੀਤੇ ਜਾ ਸਕਦੇ ਹਨ, ਜਿਸ ਵਿਚ ਬਰੋਕਰੇਜ ਸੇਵਾਵਾਂ ਅਤੇ ਮਨਮਰਜ਼ੀ ਨਾਲ ਮੈਨੇਜ ਕੀਤੇ ਅਕਾਊਂਟ ਵੀ ਸ਼ਾਮਲ ਹਨ।

ਪੀ ਜੀ ਟੀ ਦੀ ਮਦਦ ਨਿਯਮਾਂ ਮੁਤਾਬਕ ਬਣਾਈ ਗਈ ਇਨਵੈਸਟਮੈਂਟ ਅਡਵਾਈਜ਼ਰੀ ਕਮੇਟੀ ਵਲੋਂ ਕੀਤੀ ਜਾਂਦੀ ਹੈ, ਜੋ ਕਿ ਜੁਗਤਾਂ ਵਾਲੀ ਇਨਵੈਸਟਮੈਂਟ ਪਾਲਸੀ ਬਾਰੇ ਸਲਾਹ ਦਿੰਦੀ ਹੈ।

### ਮੇਰਾ ਬੱਚਾ ਕਿਸ ਕਿਸਮ ਦੇ ਰੇਟ ਆਫ ਰੀਟਰਨ ਦੀ ਉਮੀਦ ਰੱਖ ਸਕਦਾ ਹੈ?

ਵਿਆਜ ਦੇ ਰੇਟ ਸਮੇਂ ਨਾਲ ਬਦਲਦੇ ਰਹਿੰਦੇ ਹਨ ਜੋ ਕਿ ਦੁਨੀਆਂ ਦੀ ਇਕੌਨਮੀ ਅਤੇ ਫਾਇਨੈਂਸ਼ਲ ਮਾਰਕੀਟਾਂ ’ਤੇ ਨਿਰਭਰ ਕਰਦਾ ਹੈ। ਤੁਸੀਂ ਪੀ ਜੀ ਟੀ ਇਨਵੈਸਟਮੈਂਟ ਫੰਡਾਂ ’ਤੇ ਦਿੱਤੇ ਗਏ ਵਿਆਜ ਦੇ ਰੇਟ, ਆਮ ਮੁਕਾਬਲਿਆਂ ਨਾਲ ਪੀ ਜੀ ਟੀ ਦੀ ਸਲਾਨਾ ਰਿਪੋਰਟ ਵਿਚ ਦੇਖ ਸਕਦੇ ਹੋ।

# ਡੀ. ਟੈਕਸ ਬਾਰੇ ਜਾਣਕਾਰੀ

### ਕੀ ਮੈਨੂੰ ਆਪਣੇ ਬੱਚੇ ਲਈ ਟੈਕਸ ਰੀਟਰਨ ਭਰਨੀ ਪਵੇਗੀ?

ਕੈਨੇਡਾ ਰੈਵੇਨਿਊ ਏਜੰਸੀ ਪੀ ਜੀ ਟੀ ਤੋਂ ਇਹ ਮੰਗ ਕਰਦੀ ਹੈ:

- ਤੁਹਾਡੇ ਬੱਚੇ ਲਈ ਸੋਸ਼ਲ ਇਨਸ਼ੋਰੈਂਸ ਨੰਬਰ ਲੈਣ ਦੀ।
- ਵਿਆਜ ਦੀ ਆਮਦਨ ਦੱਸਣ ਲਈ ਜੇ ਇਹ ਟੈਕਸ ਸਾਲ ਦੌਰਾਨ 50 ਡਾਲਰ ਜਾਂ ਜ਼ਿਆਦਾ ਹੈ।

ਤੁਹਾਨੂੰ ਇਨਕਮ ਟੈਕਸ ਰੀਟਰਨ ਸਿਰਫ ਤਾਂ ਹੀ ਭਰਨੀ ਪਵੇਗੀ ਜੇ ਕੈਨੇਡਾ ਰੈਵੇਨਿਊ ਏਜੰਸੀ ਇਸ ਦੀ ਮੰਗ ਕਰਦੀ ਹੈ। ਆਪਣੇ ਬੱਚੇ ਦੇ ਫੰਡਾਂ ਦੇ ਟੈਕਸਾਂ ਬਾਰੇ ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਤਾਂ ਤੁਹਾਨੂੰ ਪ੍ਰੋਫੈਸ਼ਨਲ ਟੈਕਸ ਸਲਾਹ ਲੈਣੀ ਚਾਹੀਦੀ ਹੈ।

**ਛੋਟ:** ਨਿੱਜੀ ਸੱਟਾਂ ਦੀਆਂ ਸੈਟਲਮੈਂਟਾਂ ਉੱਪਰ ਵਿਆਜ ਦੀ ਆਮਦਨ ਨੂੰ ਇਨਕਮ ਟੈਕਸ ਤੋਂ ਉਦੋਂ ਤੱਕ ਛੋਟ ਹੁੰਦੀ ਹੈ ਜਦ ਤੱਕ ਬੱਚਾ ਜਾਂ ਜਵਾਨ 21 ਸਾਲ ਦਾ ਨਹੀਂ ਹੋ ਜਾਂਦਾ। ਕਮਾਇਆ ਗਿਆ ਵਿਆਜ ਕਿਉਂਕਿ ਟੈਕਸ ਦੇਣ ਯੋਗ ਨਹੀਂ ਹੁੰਦਾ, ਇਸ ਕਰਕੇ ਪੀ ਜੀ ਟੀ ਇਨ੍ਹਾਂ ਖਾਸ ਟਰੱਸਟ ਅਕਾਊਂਟਾਂ ’ਤੇ ਕਮਾਏ ਗਏ ਪੈਸਿਆਂ ਦੀਆਂ ਟੈਕਸ ਸਲਿੱਪਾਂ ਨਹੀਂ ਭੇਜੇਗਾ।

ਟੈਕਸ ਭਰਨ ਦੀਆਂ ਸ਼ਰਤਾਂ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕੈਨੇਡਾ ਰੈਵੇਨਿਊ ਏਜੰਸੀ ਨੂੰ ਇਸ ਦੇ ਮੁਫਤ ਨੰਬਰ 1.800.959.8281 ’ਤੇ ਫੋਨ ਕਰੋ ਜਾਂ www.cra-arc.gc.ca ’ਤੇ ਇਸ ਦੇ ਵੈੱਬਸਾਈਟ ’ਤੇ ਜਾਉ।

# ਈ. ਟਰੱਸਟ ਦੀ ਅੰਤਿਮ ਵੰਡ ਲਈ ਪਲੈਨ ਕਰਨਾ

### ਮੇਰੇ ਬੱਚੇ ਦੇ 19 ਸਾਲ ਦਾ ਹੋ ਜਾਣ ’ਤੇ ਕੀ ਹੁੰਦਾ ਹੈ?

19 ਸਾਲ ਦੀ ਉਮਰ ’ਤੇ, ਤੁਹਾਡਾ ਬੱਚਾ ਕਾਨੂੰਨੀ ਤੌਰ ’ਤੇ ਬਾਲਗ ਹੁੰਦਾ ਹੈ ਅਤੇ ਆਪਣੇ ਟਰੱਸਟ ਫੰਡ ਦਾ ਬੈਲੇਂਸ ਲੈਣ ਦਾ ਹੱਕਦਾਰ ਹੁੰਦਾ ਹੈ, ਜੇ ਕੋਈ ਖਾਸ ਹਾਲਤਾਂ ਲਾਗੂ ਨਾ ਹੁੰਦੀਆਂ ਹੋਣ, ਜਿਵੇਂ ਕਿ

- ਫੰਡਾਂ ਦਾ ਸ੍ਰੋਤ (ਜਿਵੇਂ ਵਸੀਅਤ ਜਾਂ ਕੋਰਟ ਦਾ ਪੇਪਰ) ਇਹ ਕਹਿੰਦੇ ਹੋਣ ਕਿ ਫੰਡ 19 ਸਾਲ ਤੋਂ ਬਾਅਦ ਦੀ ਕਿਸੇ ਉਮਰ ’ਤੇ ਜਾਰੀ ਕੀਤੇ ਜਾਣੇ ਹਨ;
- ਜਵਾਨ ਵਿਅਕਤੀ ਕੋਲ ਬਾਲਗ ਵਜੋਂ ਬਿਨਾਂ ਮਦਦ ਦੇ ਆਪਣੇ ਵਿੱਤੀ ਮਾਮਲਿਆਂ ਨੂੰ ਸਾਂਭਣ ਦੀ ਕਾਨੂੰਨੀ ਸਮਰੱਥਾ ਨਹੀਂ ਹੈ ਅਤੇ ਅਜੇ ਕਾਨੂੰਨੀ ਨੁਮਾਇੰਦਾ ਨਿਯੁਕਤ ਨਹੀਂ ਕੀਤਾ ਗਿਆ ਹੈ।

### 19 ਸਾਲ ਦੀ ਉਮਰ ’ਤੇ ਆਪਣੇ ਪੈਸੇ ਸਾਂਭਣ ਵਿਚ ਮੈਂ ਆਪਣੇ ਬੱਚੇ ਦੀ ਮਦਦ ਕਿਵੇਂ ਕਰ ਸਕਦਾ/ਸਕਦੀ ਹਾਂ?

ਅਸੀਂ ਤੁਹਾਡੇ ਬੱਚੇ ਨੂੰ 17 ਸਾਲ ਦੀ ਉਮਰ ’ਤੇ ਇਕ ਚਿੱਠੀ ਭੇਜਾਂਗੇ ਜਿਸ ਵਿਚ ਟਰੱਸਟ ਫੰਡ ਬਾਰੇ ਦੱਸਿਆ ਗਿਆ ਹੋਵੇਗਾ ਅਤੇ ਇਹ ਵਿਚਾਰ ਦਿੱਤੇ ਗਏ ਹੋਣਗੇ ਕਿ ਕਿਵੇਂ ਤੁਸੀਂ ਅਤੇ ਤੁਹਾਡਾ ਬੱਚਾ 19 ਸਾਲ ਦੀ ਉਮਰ ’ਤੇ ਫੰਡ ਮਿਲਣ ਦੀ ਪਲੈਨ ਬਣਾ ਸਕਦੇ ਹੋ।

ਅਸੀਂ ਸਲਾਹ ਦਿੰਦੇ ਹਾਂ ਕਿ ਤੁਹਾਡੇ ਬੱਚੇ ਨੂੰ ਆਪਣੇ ਟੀਚੇ ਪੂਰੇ ਕਰਨ ਲਈ ਟੀਚੇ ਮਿੱਥਣੇ ਅਤੇ ਵਿੱਤੀ ਪਲੈਨਿੰਗ ਕਰਨੀ ਚਾਹੀਦੀ ਹੈ। ਤੁਹਾਡਾ ਬੱਚਾ ਬੈਂਕਾਂ, ਕਰੈਡਿਟ ਯੂਨੀਅਨਾਂ ਅਤੇ ਹੋਰ ਸੰਸਥਾਵਾਂ ਤੋਂ ਮਿਲਦੇ ਵਿੱਤੀ ਵਸੀਲੇ ਵੀ ਦੇਖ ਸਕਦਾ ਹੈ ਅਤੇ ਵਿੱਤੀ ਪਲੈਨਿੰਗ ਲਈ ਵੱਖ ਵੱਖ ਵੈੱਬਸਾਈਟ ਅਤੇ ਔਨਲਾਈਨ ਟੂਲ ਵੀ ਹਨ, ਜਿਸ ਵਿਚ ਪੀ ਜੀ ਟੀ ਦੀ ਡੌਲਰਜ਼ *ਐਂਡ ਸੈਂਸ ਹੈਂਡਬੁੱਕ* ਵੀ ਸ਼ਾਮਲ ਹੈ।

## ਬਾਲਗ ਵਜੋਂ ਆਪਣੇ ਪੈਸੇ ਸਾਂਭਣ ਦੀ ਆਪਣੇ ਬੱਚੇ ਦੀ ਸਮਰੱਥਾ ਬਾਰੇ ਫਿਕਰਮੰਦ ਹੋ?

ਜੇ ਤੁਸੀਂ ਇਸ ਚੀਜ਼ ਬਾਰੇ ਫਿਕਰਮੰਦ ਹੋਵੋ ਕਿ ਹੋ ਸਕਦਾ ਤੁਹਾਡੇ ਬੱਚੇ ਦੀ ਦਿਮਾਗੀ ਸਮਰੱਥਾ ਬਾਲਗ ਵਜੋਂ ਆਪਣੇ ਫੰਡ ਸਾਂਭਣ ਦੀ ਨਾ ਹੋਵੇ ਤਾਂ ਤੁਸੀਂ ਹੋਰਨਾਂ ਵਲੋਂ ਫੈਸਲੇ ਕਰਨ ਦੀਆਂ ਚੋਣਾਂ ਦਾ ਪਤਾ ਲਾਉਣਾ ਚਾਹੁੰਦੇ ਹੋ ਸਕਦੇ ਹੋ। ਤੁਹਾਡੇ ਬੱਚੇ ਦੇ ਵਿੱਤੀ ਭਵਿੱਖ ਵਿਚ ਮਦਦ ਕਰਨ ਲਈ ਅਤੇ ਇਸ ਦੀ ਰੱਖਿਆ ਕਰਨ ਲਈ ਪਲੈਨ ਤਿਆਰ ਕਰਨ ਵਿਚ ਤੁਹਾਡੀ ਮਦਦ ਕਰਨ ਲਈ ਜੀ ਟੀ ਓ ਤੁਹਾਡੇ ਨਾਲ ਕੰਮ ਕਰ ਸਕਦਾ ਹੈ।

ਬਾਲਗ ਵਜੋਂ ਤੁਹਾਡੇ ਬੱਚੇ ਦੀ ਮਦਦ ਕਰਨ ਦੀਆਂ ਸੰਭਵ ਚੋਣਾਂ ਵਿਚ, ਰੈਪਰੇਜ਼ਿਨਟੇਸ਼ਨ ਐਗਰੀਮੈਂਟ, ਮੁਖਤਾਰਨਾਮੇ, ਜਾਂ ਕਮੇਟੀਸ਼ਿਪ ਆਰਡਰ ਸ਼ਾਮਲ ਹਨ, ਪਰ ਇਹ ਇਨ੍ਹਾਂ ਤੱਕ ਹੀ ਸੀਮਤ ਨਹੀਂ ਹਨ।

ਇਸ ਸੰਬੰਧ ਵਿਚ ਤੁਹਾਡੀ ਮਦਦ ਲਈ ਪੀ ਜੀ ਟੀ ਦਾ ਵੈੱਬਸਾਈਟ www.trustee.bc.ca ਜ਼ਿਆਦਾ ਜਾਣਕਾਰੀ ਦਿੰਦਾ ਹੈ।

# ਐੱਫ. ਪੀ ਜੀ ਟੀ ਦੀਆਂ ਫੀਸਾਂ

## ਕੀ ਪੀ ਜੀ ਟੀ ਆਪਣੇ ਵਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਲਈ ਫੀਸਾਂ ਚਾਰਜ ਕਰਦਾ ਹੈ?

ਕਾਨੂੰਨ ਮੁਤਾਬਕ, ਕਿਸੇ ਬੱਚੇ ਜਾਂ ਜਵਾਨ ਦੀ ਤਰਫੋਂ ਚਲਾਏ ਜਾਂਦੇ ਟਰੱਸਟਾਂ ਦੇ ਪ੍ਰਬੰਧ ਲਈ ਪੀ ਜੀ ਟੀ ਨੂੰ ਵੱਖ ਵੱਖ ਫੀਸਾਂ ਅਤੇ ਕਮਿਸ਼ਨ ਚਾਰਜ ਕਰਨੇ ਪੈਂਦੇ ਹਨ। ਇਨ੍ਹਾਂ ਰਕਮਾਂ ਬਾਰੇ *ਪਬਲਿਕ ਗਾਰਡੀਅਨ ਐਂਡ ਟਰੱਸਟੀ ਐਕਟ* ਦੇ ਫੀ ਰੈਗੂਲੇਸ਼ਨ ਵਿਚ ਦੱਸਿਆ ਗਿਆ ਹੈ।

ਦਿੱਤੀਆਂ ਜਾਂਦੀਆਂ ਸੇਵਾਵਾਂ ਲਈ ਜਿਹੜੀਆਂ ਫੀਸਾਂ ਅਤੇ ਕਮਿਸ਼ਨ ਨੇਮ ਨਾਲ ਚਾਰਜ ਕੀਤੇ ਜਾਂਦੇ ਹਨ ਉਨ੍ਹਾਂ ਵਿਚ ਅੱਗੇ ਲਿਖੇ ਸ਼ਾਮਲ ਹਨ:

### *ਕੈਪੀਟਲ ਕਮਿਸ਼ਨ*
ਇਹ ਇੱਕੋ ਵਾਰੀ ਲਈ ਜਾਣ ਵਾਲੀ 5 ਪ੍ਰਤੀਸ਼ਤ ਫੀਸ ਹੈ ਜਿਹੜੀ ਕਿਸੇ ਬੱਚੇ ਜਾਂ ਜਵਾਨ ਦੀ ਤਰਫੋਂ ਪੀ ਜੀ ਟੀ ਨੂੰ ਮਿਲਣ ਵਾਲੇ ਪੈਸਿਆਂ ਜਾਂ ਜਾਇਦਾਦ 'ਤੇ ਚਾਰਜ ਕੀਤੀ ਜਾਂਦੀ ਹੈ। ਇਹ ਫੀਸ ਪੀ ਜੀ ਟੀ ਨੂੰ ਟਰੱਸਟ ਦੀ ਤਰਫੋਂ ਕੀਤੇ ਗਏ ਸਾਰੇ ਫੈਸਲਿਆਂ ਦੇ ਖਤਰੇ ਚੁੱਕਣ ਅਤੇ ਦਿੱਤੀਆਂ ਸੇਵਾਵਾਂ ਲਈ ਮੁਆਵਜ਼ਾ ਦਿੰਦੀ ਹੈ, ਜਿਸ ਵਿਚ ਬੱਚੇ ਜਾਂ ਜਵਾਨ ਦੀਆਂ ਫੌਰੀ ਅਤੇ ਭਵਿੱਖ ਦੀਆਂ ਵਿੱਤੀ ਲੋੜਾਂ ਨੂੰ ਸਮਝਣ ਲਈ ਮਾਪਿਆਂ ਜਾਂ ਗਾਰਡੀਅਨਾਂ ਅਤੇ ਹੋਰ ਧਿਰਾਂ ਨਾਲ ਕੰਮ ਕਰਨਾ ਅਤੇ ਉਸ ਦੀਆਂ ਲੋੜਾਂ ਨੂੰ ਆਧਾਰ ਬਣਾ ਕੇ ਇਨਵੈਸਟਮੈਂਟ ਅਤੇ ਖਰਚਿਆਂ ਦੇ ਫੈਸਲੇ ਕਰਨਾ ਸ਼ਾਮਲ ਹਨ।

### *ਇਨਕਮ ਕਮਿਸ਼ਨ*
ਇਹ 5 ਪ੍ਰਤੀਸ਼ਤ ਕਮਿਸ਼ਨ ਉਸ ਸਾਰੀ ਆਮਦਨ 'ਤੇ ਚਾਰਜ ਕੀਤਾ ਜਾਂਦਾ ਹੈ ਜਿਹੜੀ ਬੱਚੇ ਜਾਂ ਜਵਾਨ ਦੇ ਟਰੱਸਟ ਅਕਾਊਂਟ ਵਿਚ ਆਈ ਹੈ ਅਤੇ ਜਿਹੜਾ ਵਿਆਜ ਪ੍ਰਾਪਤ ਹੋਇਆ ਹੈ। ਇਹ ਕਮਿਸ਼ਨ, ਆਮਦਨ ਇਕੱਠੀ ਕਰਨ, ਬਿੱਲ ਦੇਣ ਆਦਿ ਨਾਲ ਸੰਬੰਧਿਤ ਸਾਰੀਆਂ ਸਰਗਰਮੀਆਂ ਜਾਂ ਸੇਵਾਵਾਂ ਲਈ ਪੀ ਜੀ ਟੀ ਨੂੰ ਮੁਆਵਜ਼ਾ ਦਿੰਦਾ ਹੈ। ਸਾਰੇ ਕੇਸਾਂ ਵਿਚ, ਪੀ ਜੀ ਟੀ ਕਲਾਇੰਟਾਂ ਨੂੰ ਮਹੀਨਾਵਾਰ ਵਿਆਜ ਦੀ ਆਮਦਨ ਦਿੰਦਾ ਹੈ ਜੋ ਕਿ ਉਨ੍ਹਾਂ ਦੇ ਟਰੱਸਟ ਅਕਾਊਂਟਾਂ ਵਿਚ ਜਮ੍ਹਾਂ ਕਰਵਾਈ ਜਾਂਦੀ ਹੈ।

### *ਐਸਿਟ ਮੈਨੇਜਮੈਂਟ ਫੀਸ*
ਐਸਿਟ ਮੈਨੇਜਮੈਂਟ ਫੀਸ ਮਹੀਨੇ ਬਾਅਦ ਚਾਰਜ ਕੀਤੀ ਜਾਂਦੀ ਹੈ ਅਤੇ ਇਹ ਕਿਸੇ ਬੱਚੇ ਜਾਂ ਜਵਾਨ ਦੀ ਤਰਫੋਂ ਸਾਂਭੀ ਜਾ ਰਹੀ ਸਾਰੀ ਜਾਇਦਾਦ ਦੀ ਪ੍ਰਤੀ ਸਾਲ 1 ਪ੍ਰਤੀਸ਼ਤ ਦਾ 0.4 ਪ੍ਰਤੀਸ਼ਤ ਹੁੰਦੀ ਹੈ। ਇਸ ਵਿਚ ਟਰੱਸਟ ਦੇ ਪੈਸੇ ਜਾਂ ਅਸਲੀ ਪ੍ਰਾਪਰਟੀ ਸ਼ਾਮਲ ਹਨ ਜਿਹੜੇ ਕਿ ਬੱਚੇ ਦੇ ਨਾਂ ਹੋ ਸਕਦੇ ਹਨ। ਇਹ ਫੀਸ ਬੱਚੇ ਦੀ ਜਾਇਦਾਦ ਦੀ ਸੰਭਾਲ ਕਰਨ ਦੇ ਖਤਰੇ ਚੁੱਕਣ ਲਈ ਅਤੇ ਪ੍ਰੋਫੈਸ਼ਨਲਾਂ ਵਲੋਂ ਦਿੱਤੀਆਂ ਗਈਆਂ ਇਨਵੈਸਟਮੈਂਟ ਦੀਆਂ ਸੇਵਾਵਾਂ ਦੀ ਕਾਰਗੁਜ਼ਾਰੀ 'ਤੇ ਨਿਗਰਾਨੀ ਰੱਖਣ ਦਾ ਮੁਆਵਜ਼ਾ ਦੇਣ ਲਈ ਹੁੰਦੀ ਹੈ।

ਪੀ ਜੀ ਟੀ ਨੂੰ ਫੀਸਾਂ ਅਤੇ ਕਮਿਸ਼ਨਾਂ 'ਤੇ ਲਾਗੂ ਹੋਣ ਵਾਲੇ ਟੈਕਸ ਵੀ ਚਾਰਜ ਕਰਨੇ ਪੈਂਦੇ ਹਨ।

# ਜੀ. ਫੈਸਲਿਆਂ ਦੀ ਪੜਚੋਲ ਅਤੇ ਸ਼ਿਕਾਇਤਾਂ

## ਸ਼ਿਕਾਇਤਾਂ

ਜੇ ਕਿਸੇ ਵੀ ਵੇਲੇ ਤੁਸੀਂ ਮਿਲ ਰਹੀ ਕਿਸੇ ਸਰਵਿਸ ਬਾਰੇ ਫਿਕਰਮੰਦ ਹੋਵੋ ਤਾਂ ਕਿਰਪਾ ਕਰਕੇ 604.775.3480 ’ਤੇ ਫੋਨ ਕਰੋ ਅਤੇ ਕਿਸੇ ਮੈਨੇਜਰ ਨਾਲ ਜਾਂ ਚਾਇਲਡ ਐਂਡ ਯੂਥ ਸਰਵਿਸਿਜ਼ ਦੇ ਡਾਇਰੈਕਟਰ ਨਾਲ ਗੱਲ ਕਰਨ ਲਈ ਕਹੋ। ਜਾਂ, ਬਦਲਵੇਂ ਤੌਰ ’ਤੇ ਤੁਸੀਂ cys@trustee.bc.ca ’ਤੇ ਈਮੇਲ ਕਰ ਸਕਦੇ ਹੋ ਅਤੇ ਇਹ ਕਹਿ ਸਕਦੇ ਹੋ ਕਿ ਤੁਹਾਡੀ ਈਮੇਲ ਕਿਸੇ ਮੈਨੇਜਰ ਜਾਂ ਡਾਇਰੈਕਟਰ ਨੂੰ ਭੇਜੀ ਜਾਵੇ।

## ਫੈਸਲੇ

ਜੇ ਤੁਸੀਂ ਕੀਤੇ ਗਏ ਕਿਸੇ ਫੈਸਲੇ ਤੋਂ ਅਸੰਤੁਸ਼ਟ ਹੋਵੋ ਤਾਂ ਤੁਸੀਂ ਇਹ ਬੇਨਤੀ ਕਰ ਸਕਦੇ ਹੋ ਕਿ ਫੈਸਲੇ ’ਤੇ ਦੁਬਾਰਾ ਵਿਚਾਰ ਕੀਤੀ ਜਾਵੇ। ਪਹਿਲਾ ਕਦਮ ਮੈਨੇਜਰ ਨਾਲ ਅਤੇ ਫਿਰ ਡਾਇਰੈਕਟਰ ਨਾਲ ਗੱਲ ਕਰਨਾ ਹੈ। ਪੀ ਜੀ ਟੀ ਦੇ ਰਸਮੀ ਪੜਚੋਲ (ਰਿਵੀਊ) ਦੇ ਕਾਰਜ ਨਾਲ ਸੰਬੰਧਿਤ ਸਾਰੇ ਵੇਰਵੇ www.trustee.bc.ca/feedback.html ’ਤੇ ਦੇਖੇ ਜਾ ਸਕਦੇ ਹਨ।

ਪੀ ਜੀ ਟੀ ਦੇ ਪੜਚੋਲ ਦੇ ਕਾਰਜ ਦੇ ਸਿੱਟੇ ਤੋਂ ਬਾਅਦ ਜੇ ਤੁਸੀਂ ਅਜੇ ਵੀ ਅਸੰਤੁਸ਼ਟ ਹੋਵੋ ਤਾਂ ਤੁਸੀਂ ਆਪਣੇ ਫਿਕਰ ਓਮਬਡਜ਼ਪਰਸਨ ਦੇ ਧਿਆਨ ਵਿਚ ਲਿਆ ਸਕਦੇ ਹੋ।

# ਪਬਲਿਕ ਗਾਰਡੀਅਨ ਐਂਡ ਟਰੱਸਟੀ ਨਾਲ ਸੰਪਰਕ ਕਰੋ

Child & Youth Services
Public Guardian and Trustee
700-808 West Hastings Street,
Vancouver, BC V6C 3L3
ਟੈਲੀਫੋਨ: 604.775.3480
ਈਮੇਲ: cys@trustee.bc.ca

www.trustee.bc.ca
ਈਮੇਲ: webmail@trustee.bc.ca

ਸਰਵਿਸ ਬੀ ਰਾਹੀਂ ਦੂਰੋਂ ਮੁਫਤ ਫੋਨ ਕੀਤਾ ਜਾ ਸਕਦਾ ਹੈ। ਆਪਣੇ ਇਲਾਕੇ (ਹੇਠਾਂ) ਲਈ ਢੁਕਵੇਂ ਨੰਬਰ 'ਤੇ ਫੋਨ ਕਰਨ ਤੋਂ ਬਾਅਦ ਪੀ ਜੀ ਟੀ ਨੂੰ ਤਬਦੀਲ ਕੀਤੇ ਜਾਣ ਲਈ ਕਹੋ (ਦਫਤਰ ਖੁਲ੍ਹਣ ਦਾ ਆਮ ਸਮਾਂ ਸਵੇਰ ਦੇ 8:30 ਤੋਂ ਲੈ ਕੇ ਬਾਅਦ ਦੁਪਹਿਰ 4:30 ਵਜੇ, ਸੋਮਵਾਰ–ਸ਼ੁਕਰਵਾਰ ਤੱਕ ਹੈ)।

| | |
|---|---|
| ਵੈਨਕੂਵਰ | 604.660.2421 |
| ਵਿਕਟੋਰੀਆ | 250.387.6121 |
| ਹੋਰ ਕਿਤਿਉਂ ਵੀ | 800.663.7867 |

March 2013 12-12#65